بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 16.11.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਸਾਡਾ ਮਕੰਮ ਹੈ ਕਿ ਅਸੀਂ ਇਸਲਾਮ ਦੇ ਹਕੀਕੀ ਸੰਦੇਸ਼ ਨੂੰ ਅਮਰੀਕਾ ਵਿੱਚ ਵੀ ਅਤੇ ਦੁਨੀਆ ਵਿੱਚ ਵੀ ਮਿਹਨਤ ਤੇ ਸਹੀ ਢੰਗ ਨਾਲ ਫੈਲਾਈਏ

---------------------------------------------------

## ਫ਼ਲਾਡਲਫ਼ੀਆ, ਬਾਲਟੀਮੋਰ, ਵਰਜੀਨੀਆ ਵਿੱਚ ਤਿੰਨ ਮਸਜਿਦਾਂ ਅਤੇ ਗੋਏਟਾਮਾਲਾ ਵਿੱਚ ਹਿਊਮੈਨਿਟੀ ਫ਼ਸਟ ਦੇ ਹਸਪਤਾਲ ਦਾ ਉਧਘਾਟਨ ਅਤੇ ਇਸ ਹਵਾਲੇ ਨਾਲ ਉਧਘਾਟਨੀ ਸਮਾਰੋਹ ਵਿੱਚ ਸ਼ਾਮਲ ਮਹਿਮਾਨਾ ਦੇ ਇਮਾਨ ਵਧਾਉਣ ਵਾਲੇ ਅਨੁਭਵ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਨਵੰਬਰ 2018 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਬੀਤੇ ਜੁਮਏ ਨੂੰ ਤਹਿਰੀਕੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਕਰਨ ਕਰਕੇ ਮੈਂ ਜੋ ਅਮਰੀਕਾ ਅਤੇ ਗੋਏਟੇਮਾਲਾ ਦਾ ਸਫ਼ਰ ਕੀਤਾ ਸੀ, ਉਸ ਦੀ ਚਰਚਾ ਨਹੀਂ ਕੀਤੀ ਸੀ । ਰੱਬ ਦੀ ਅਪਾਰ ਕ੍ਰਿਪਾ ਨਾਲ ਇਹਨਾਂ ਦੌਰਿਆਂ ਦੇ ਬਹੁਤ ਹੀ ਧਨਾਤਕਮਕ ਪ੍ਰਭਾਵ ਹੁੰਦੇ ਹਨ । ਆਪਣੇ ਤੇ ਹੋਰਨਾ ਦਾ ਸੰਬੰਧ ਦੇ ਪੱਖੋਂ ਵੀ ਅਤੇ ਜਮਾਤੀ ਪ੍ਰਬੰਧਕੀ ਪੱਖੋਂ ਵੀ ਸਿੱਧੇ ਰੂਪ ਵਿੱਚ ਅਵਲੋਕਣ ਤੇ ਜਾਣਕਾਰੀ ਕਰਕੇ ਬਹੁਤ ਸਾਰੀਆਂ ਗਲੱਾਂ ਮੇਰੀ ਜਾਣਕਾਰੀ ਵਿੱਚ ਆ ਜਾਂਦੀਆਂ ਹਨ । ਤਿੰਨ ਵੱਡੇ ਲਾਭ ਤਾਂ ਇਹ ਹਨ ਕਿ ਇਹਨਾਂ ਦੇਸ਼ਾਂ ਦੇ ਪੜ੍ਹੇ ਲਿਖੇ ਤਬਕਿਆਂ ਅਤੇ ਅਸਰ ਰਸੂਖ ਰਖੱਣ ਵਾਲੇ ਲੋਕਾਂ ਨਾਲ ਰਾਬਤਾ ਹੋ ਜਾਂਦਾ ਹੈ, ਮੁਲਾਕਾਤਾਂ ਰਾਹੀਂ ਵੀ ਅਤੇ ਮਸਜਿਦਾਂ ਦੇ ਉਧਘਾਟਨ ਉਪੱਰ ਰਿਸੈਪਸ਼ਨ ਆਦਿ ਰਾਹੀਂ ਵੀ । ਦੂਜਾ ਮੀਡੀਆ ਰਾਹੀਂ ਇਸਲਾਮ ਅਤੇ ਅਹਮਦੀਅਤ ਦਾ ਪਰੀਚੈ ਅਤੇ ਵਾਸਤਵਿਕ ਸਿੱਖਿਆ ਲੋਕਾਂ ਦੀ ਜਾਣਕਾਰੀ ਵਿੱਚ ਆ ਜਾਂਦੀ ਹੈ ਅਤੇ ਤੀਜੀ ਵੱਡੀ ਗੱਲ ਇਹ ਹੈ ਕਿ ਜਮਾਤ ਦੇ ਲੋਕਾਂ ਨਾਲ ਵਿਅਕਤੀਗੱਤ ਪਰੀਚੇ ਹੁੰਦਾ ਹੈ ਅਤੇ ਇਸ ਦੇ ਸਿੱਟੇ ਵਿੱਚ ਉਹਨਾਂ ਦੇ ਇਮਾਨ ਅਤੇ ਨੇਕੀ ਵਿੱਚ ਵਾਧਾ ਹੁੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਮਰੀਕਾ ਵਿੱਚ ਇਸ ਯਾਤਰਾ ਸਮੇਂ ਰੱਬ ਦੀ ਮਿਹਰ ਨਾਲ ਤਿੰਨ ਮਸਜਿਦਾਂ ਦੇ ਉਧਘਾਟਨ ਕਰਨ ਦੀ ਤੋਫ਼ੀਕ ਮਿਲੀ । ਬੱਚਿਆਂ, ਨੌਜੁਆਨਾ, ਇਸਤਰੀਆਂ ਤੇ ਪੁਰਸ਼ਾਂ ਨੇ ਜਿੱਥੇ ਵੀ ਮੈਂ

ਜਾਂਦਾ ਰਿਹਾ ਹਾਂ ਆਪਣੇ ਸਮੇਂ ਦਾ ਬਹੁਤਾ ਭਾਗ ਮਸਜਿਦ ਵੀ ਲੰਘਾਇਆ ਹੈ । ਇਕ ਸੰਬੰਧ ਦੇ ਪ੍ਰਗਟਾਵਾ ਹੁੰਦਾ ਸੀ ਖ਼ਿਲਾਫ਼ਤ ਨਾਲ ਅਤੇ ਫਿਰ ਮਸਜਿਦ ਆਣਕੇ ਬਹੁਤਾ ਸਮਾਂ ਮਸਜਿਦ ਵਿਚ ਹੀ ਲੰਘਾਉਂਦੇ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਾਧਾਰਣ ਤੌਰ'ਤੇ ਅਮਰੀਕਨ ਸਿਆਸੀ ਲੀਡਰ ਵੀ, ਪੜ੍ਹਿਆ ਲਿੱਖਿਆ ਤਬਕਾ ਵੀ ਅਤੇ ਸਾਧਾਰਣ ਲੋਕ ਗੱਲ ਸੁਣਨ ਵਾਲੇ ਅਤੇ ਚੰਗੀ ਗੱਲ ਨੂੰ ਸਰਾਹੁਣ ਵਾਲੇ ਹਨ । ਇਸਲਾਮ ਦੀ ਵਾਸਤਵਿਕ ਸਿੱਖਿਆ ਉਹਨਾਂ ਤੱਕ ਸਹੀ ਤਰੀਕੇ ਨਾਲ ਪਹੁੰਚੀ ਨਹੀਂ । ਜਿੰਨ੍ਹਾ ਲੋਕਾਂ ਤੱਕ ਪਹੁੰਚੀ ਹੈ ਜਿੰਨ੍ਹਾ ਦਾ ਜਮਾਤ ਨਾਲ ਰਾਬਤਾ ਹੈ ਅਤੇ ਉਹ ਇਸਲਾਮ ਬਾਰੇ ਚੰਗੀ ਰਾਏ ਰਖੱਦੇ ਹਨ । ਸੋ, ਇਹ ਸਾਡਾ ਕੰਮ ਹੈ ਕਿ ਅਸੀਂ ਇਸਲਾਮ ਦੇ ਹਕੀਕੀ ਸੰਦੇਸ਼ ਨੂੰ ਅਮਰੀਕਾ ਵਿੱਚ ਵੀ ਅਤੇ ਦੁਨੀਆ ਵਿੱਚ ਵੀ ਮਿਹਨਤ ਅਤੇ ਸਹੀ ਤਰੀਕੇ ਨਾਲ ਫ਼ੈਲਾਈਏ । ਸਾਡੇ ਸੰਦੇਸ਼ ਨਾਲ ਜਿੱਥੇ ਗ਼ੈਰ ਮੁਸਲਮਾਨਾ ਨੂੰ ਇਸਲਾਮ ਦੀ ਹਕੀਕੀ ਸਿੱਖਿਆ ਦਾ ਪਤਾ ਲਗੱਦਾ ਹੈ ਉੱਥੇ ਗ਼ੈਰ ਜਮਾਤ ਮੁਸਲਮਾਨਾਂ ਨੂੰ ਵੀ ਪਤਾ ਲਗੱਦਾ ਹੈ ਕਿ ਹਕੀਕੀ ਇਸਲਾਮ ਕੀ ਹੈ । ਇਹ ਅਨੇਕਾਂ ਥਾਈ ਤਜਰਬਾ ਹੁੰਦਾ ਹੈ ਅਤੇ ਅਮਰੀਕਾ ਵਿੱਚ ਵੀ ਹੋਇਆ ਕਿ ਗ਼ੈਰ ਜਮਾਤ ਮੁਸਲਮਾਨ ਜੱਦ ਸਾਡੇ ਕੋਲੋਂ ਇਸਲਾਮ ਦੀ ਸੁੰਦਰ ਸਿੱਖਿਆ ਬਾਰੇ ਸੁਣਦੇ ਹਨ ਤਾਂ ਉਹਨਾਂ ਵਿੱਚ ਭਰੋਸਾ ਪੈਦਾ ਹੁੰਦਾ ਹੈ ਕਿ ਸਾਨੂੰ ਕਿਸੇ ਪ੍ਰਕਾਰ ਦੇ ਅਹਿਸਾਸੇ ਕਮਤਰੀ ਦੀ ਲੋੜ ਨਹੀਂ ਹੈ ਸਗੋਂ ਇਸਲਾਮ ਹੀ ਦੁਨੀਆ ਦੀਆਂ ਸਮੱਸਿਆਵਾਂ ਦਾ ਹਲ ਹੈ । ਕਈ ਗ਼ੈਰ ਜਮਾਤ ਮੁਸਲਮਾਨਾ ਦੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਇਸਲਾਮ ਦੀ ਸੁੰਦਰ ਸਿੱਖਿਆ ਜਿਸ ਪ੍ਰਕਾਰ ਆਪ ਪੇਸ਼ ਕਰਦੇ ਹਨ ਇਹੋ ਹਕੀਕੀ ਤਰੀਕਾ ਹੈ ।

ਹਜ਼ੂਰ ਅਨਵਰ ਨੇ ਕਈ ਮੁਸਲਮਾਨਾ ਦੇ ਇਮਾਨ ਵਧਾਊ ਅਨੁਭਵ ਵਰਨਣ ਕੀਤੇ । ਫ਼ਰਮਾਇਆ : ਫ਼ਲਾਡਲਫ਼ੀਆ ਵਿੱਚ ਮਸਜਿਦ ਬੈਤੁਲ ਆਫ਼ੀਅਤ ਦੇ ਉਧਘਾਟਨ ਸਮੇਂ ਆਨਰੇਬਲ ਡਿਵਾਇਟ ਐਵੰਜ਼ ਮੈਂਬਰ ਯੂ. ਐਸ. ਕਾਂਗਰਸ ਆਏ ਹੋਏ ਸਨ, ਉਹਨਾਂ ਨੇ ਬਹੁਤ ਹੀ ਚੰਗੇ ਸ਼ਬਦਾਂ ਵਿੱਚ ਮੈਂਨੂੰ ਕਿਹਾ ਕਿ ਮੈਂ ਆਪਦਾ ਸਵਾਗਤ ਕਰ ਰਿਹਾ ਹਾਂ ਇਸ ਵੱਡੇ ਸ਼ਹਿਰ ਵਿੱਚ, ਇਹ ਸ਼ਹਿਰ ਜੋ ਭੈਣ ਭਰਾਵਾਂ ਜਿਹੇ ਪ੍ਰੇਮ ਦਾ ਸ਼ਹਿਰ ਹੈ । ਫ਼ਲਾਡਲਫ਼ੀਆ ਦੀ ਪ੍ਰਬੰਧਕੀ ਵੱਲੋਂ ਮੈਂ ਇਕ ਮੁਸਲਮਾਨ ਕੰਮਿਯੂਨਿਟੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਆਪ ਲੋਕਾਂ ਦੇ ਅਮਨ ਦੇ ਸੰਦੇਸ਼ ਨੂੰ ਇੱਥੇ ਜੀ ਆਇਆਂ ਨੂੰ ਕਹਿੰਦੇ ਹਾਂ । ਅਸੀਂ ਆਪ ਲੋਕਾਂ ਨਾਲ ਹਨ, ਨਫ਼ਰਤ, ਸਾੜੇ ਤੇ ਆਤੰਕ ਦੇ ਵਿਰੁਧ ਖੜੇ ਹਾਂ । ਆਪਨੇ ਅਮਨ ਕਾਇਮ ਕਰਨੇ ਦੇ ਹਵਾਲੇ ਨਾਲ ਬਹੁਤ ਹੀ ਉਮਦਾ ਸੰਦੇਸ਼ ਦਿਤੱਾ ਹੈ ਅਤੇ ਅਜਿਹੇ ਸਮੇਂ ਵਿੱਚ ਇਹ ਸੰਦੇਸ਼ ਬਹੁਤ ਹੀ ਸ਼ਾਂਨਦਾਰ ਹੈ । ਇਸ ਤੋਂ ਸਿੱਧ ਹੁੰਦਾ ਹੈ ਕਿ ਮੁਸਲਮਾਨ ਕੰਮਿਮਯੂਨਿਟੀ ਨ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆ ਲਈ ਕਿੰਨ੍ਹੀ ਮਹਤੱਵਪੂਰਨ ਹੈ ।

ਫ਼ਿਰ ਮੇਅਰ ਜਾਨ ਕੇਨੀ ਨੇ ਕਿਹਾ ਕਿ ਫ਼ਲਾਡਲਫ਼ੀਆ ਸ਼ਹਿਰ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਧਾਰਮਕ ਆਜ਼ਾਦੀ ਇਸ ਸ਼ਹਿਰ ਦੇ ਬੁਨਿਆਦੀ ਉਸੂਲਾਂ ਵਿੱਚ ਸ਼ਾਮਲ ਹੈ । ਇਹ ਸ਼ਹਿਰ ਇਸੇ ਬੁਨਿਆਦ'ਤੇ ਵਸਾਇਆ ਗਿਆ ਸੀ । ਸਾਡਾ ਸੰਬੰਧ ਭਾਵੇਂ ਵੱਖ ਵੱਖ ਕੌਮਾ ਤੇ ਨਸਲਾਂ ਤੋਂ ਹੋਵੇ ਪਰ ਇਹ ਸ਼ਹਿਰ ਹਰ ਇਕ ਨੂੰ ਜੀਆਇਆਂ ਨੂੰ ਕਹੇਗਾ । ਅਸੀਂ ਇਕ ਦੂਜੇ ਨਾਲ ਰਲਮਿਲਕੇ ਕੰਮ ਕਰੀਏ, ਇਕ ਦੂਜੇ ਨਾਲ ਇਜ਼ੱਤ ਤੇ ਸਨਮਾਨ ਨਾਲ ਪੇਸ਼ ਆਈਏ ਅਤੇ ਦੁਨੀਆਂ ਨੂੰ ਇਹ ਦੱਸੀਏ ਕਿ ਅਸੀਂ ਇਕ ਸਾਥ ਮਿਲਕੇ ਰਹਿ ਸਕਦੇ ਹਾਂ ਅਤੇ ਅਸੀਂ ਆਪਣੀਆਂ ਸਮੱਸਿਆਵਾਂ ਦਾ ਖ਼ਾਤਮਾ ਕਰ ਸਕਦੇ ਹਾਂ ।

ਇਕ ਲੋਕਲ ਕੌਂਸਲਰ ਨੇ ਕਿਹਾ ਕਿ ਆਪ ਦਾ ਅਮਨ ਦਾ ਸੰਦੇਸ਼ ਬਹੁਤ ਹੀ ਜ਼ਰੂਰੀ ਸੀ ਵਿਸ਼ੇਸ਼ ਕਰਕੇ ਵਰਤਮਾਨ ਹਾਲਾਤਾਂ ਦੀ ਦ੍ਰਿਸ਼ ਵਿੱਚ ਇਹ ਸੰਦੇਸ਼ ਹੋਰ ਵੀ ਅਧਿਕ ਮਹਤੱਾ ਧਾਰਣ ਕਰ ਗਿਆ ਹੈ । ਜੋ ਸੰਦੇਸ਼ ਆਪ ਨੇ ਦਿਤੱਾ ਹੈ ਕਿ ਆਪ ਲੋਕ ਗਵਾਂਢੀਆਂ ਦੀਆਂ ਲੋੜਾਂ ਵਿੱਚ ਮੋਢੇ ਨਾਲ ਮੋਢਾ ਰਲਾਕੇ ਖੜੇ ਹੋਣਗੇ, ਮੇਰੇ ਵਿਚਾਰ ਵਿੱਚ ਕੇਵਲ ਇੱਥੇ ਫ਼ਲਾ ਡਲਫ਼ੀਆ ਵਿੱਚ ਹੀ ਨਹੀਂ ਸਾਰੇ ਅਮਰੀਕਾ ਵਿੱਚ ਇਸ ਸੰਦੇਸ਼ ਦੀ ਲੋੜ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਬਾਲਟੀਮੋਰ ਦੀ ਮਸਜਿਦ ਦਾ ਵੀ ਉਧਘਾਟਨ ਹੋਇਆ ਜਿਸ ਦਾ ਨਾਂ ਬੈਤੁਸ ਸਮਦ ਹੈ । ਬਾਲਟੀਮੋਰ ਦੀ ਮੇਅਰ ਰਿਸੈਪਸ਼ਨ ਵਿੱਚ ਆਈ ਸਨ । ਇਹ ਕਹਿੰਦੀ ਹਨ ਕਿ ਆਪਨੇ ਅਮਨ ਦੇ ਹਵਾਲੇ ਨਾਲ ਗੱਲ ਕੀਤੀ ਹੈ । ਇਹ ਉਹ ਸੰਦੇਸ਼ ਹੈ ਕਿ ਜੋ ਅੱਜ ਸਮੇਂ ਦੀ ਲੋੜ ਹੈ । ਨ ਕੇਵਲ ਸਾਡੇ ਸ਼ਹਿਰ ਸਗੋਂ ਸਾਡੇ ਸਟੇਟ ਅਤੇ ਫਿਰ ਸਾਰੇ ਯੂ.ਐਸ.ਏ ਵਿੱਚ ਅਤੇ ਸਾਰੀ ਦੁਨੀਆ ਵਿੱਚ ਇਸ ਸੰਦੇਸ਼ ਦੀ ਬਹੁਤ ਹੀ ਲੋੜ ਹੈ । ਮੈਂ ਸਮਝਦੀ ਹਾਂ ਕਿ ਇਹ ਸੰਦੇਸ਼ ਹਰ ਇਕ ਨੂੰ ਸੁਣਨਾ ਚਾਹੀਦਾ ਹੈ । ਜੇਕਰ ਅਸੀਂ ਸੁਣਾਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਦੁਨੀਆ ਦੀਆਂ ਸਮੱਸਿਆਵਾਂ ਦਾ ਇੱਕੋ ਇਕ ਹਲ ਅਮਨ ਹੀ ਹੈ ਅਤੇ ਅਸੀਂ ਇਕ ਦੂਜੇ ਨਾਲ ਪ੍ਰੇਮ ਕਰਨਾ ਸਿਖੱਾਂਗੇ ।

ਇਕ ਯੂਨੀਵਰਸਿਟੀ ਪ੍ਰੋਫ਼ੈਸਰ ਨੇ ਕਿਹਾ ਕਿ ਇਹ ਇਕ ਹੈਰਾਨੀ ਭਰਪੂਰ ਸੰਦੇਸ਼ ਸੀ ਜਿਸਦੇ ਰਾਹੀਂ ਅਸੀਂ ਸਮਾਜ ਵਿੱਚ ਪਰਿਵਰਤਨ ਪੈਦਾ ਕਰ ਸਕਦੇ ਹਾਂ । ਯੂ.ਐਸ.ਏ. ਦੇ ਵਾਤਾਵਰਣ ਵਿੱਚ ਇਹ ਸੰਦੇਸ਼ ਬਹੁਤ ਹੀ ਮਹਤੱਵਪੂਰਨ ਹੈ । ਮੈਂਨੂੰ ਇਸ ਹੈਰਾਨੀ ਭਰੇ ਸੰਦੇਸ਼ ਨੇ ਬਹੁਤ ਹੀ ਪ੍ਰਭਾਵਤ ਕੀਤਾ ਹੈ ।

ਫਿਰ ਡਿਸਟ੍ਰਿਕਟ 48 ਤੋਂ ਸਟੇਟ ਨੁਮਾਇੰਦੇ ਆਏ ਸਨ ਉਹ ਕਹਿੰਦੇ ਹਨ ਕਿ ਮੈਂ ਬਹੁਤ ਪ੍ਰਭਾਵਤ ਹੋਇਆ ਇਹ ਸੰਦੇਸ਼ ਸੁਣਕੇ ਕਿ ਆਪਨੇ ਸਾਨੂੰ ਸਾਡੀਆਂ ਆਪਣੀਆ ਜ਼ਿੱਮੇਦਾਰੀਆਂ ਵੱਲ ਧਿਆਨ ਦੁਆਇਆ ਹੈ ਆਪ ਨੇ ਸਾਨੂੰ ਦੱਸਿਆ ਹੈ ਕਿ ਹਰ ਇਕ ਨਾਲ ਪ੍ਰੇਮ ਕਰੋ ਅਤੇ ਕਿਸੇ ਤੋਂ ਵੀ ਨਫ਼ਰਤ ਨ ਕਰੋ । ਇਹੋ ਉਹ ਗਲੱਾਂ ਹਨ ਜੋ ਸਾਨੂੰ ਚਾਹੀਦੀਆਂ ਹਨ । ਕਹਿੰਦੇ ਹਨ ਕਿ ਅਸੀਂ ਆਪ ਜਤਨ ਕਰਕੇ ਜਿੰਨ੍ਹੀ ਵੀ ਸਮਾਜ ਵਿੱਚ ਬਿਹਤਰੀ ਦੀਆਂ ਗਲੱਾਂ ਕਰ ਲਈਏ ਉਸ ਦਾ ਐਨ੍ਹਾ ਪ੍ਰਭਾਵ ਨਹੀਂ ਹੁੰਦਾ ਜਿੰਨ੍ਹਾ ਇਮਾਮ ਜਮਾਤ ਅਹਮਦੀਆ ਦੀ ਹੋਂਦ ਨਾਲ ਇੱਥੇ ਹੋਇਆ ਹੈ ।

ਇਕ ਰਿਪ੍ਰੀਜ਼ੈਂਨਟੇਟਿਵ ਆਫ਼ ਸਟੇਟ ਸਨ 41 ਡਿਸਟ੍ਰਿਕਟ ਦੇ ਬਿਲਾਲ ਅਲੀ ਸਾਹਬ ਮੁਸਲਮਾਨ ਸਨ ਕਹਿੰਦੇ ਹਨ ਕਿ ਆਪ ਨੇ ਜੋ ਸੰਦੇਸ਼ ਦਿਤੱਾ ਹੈ ਉਸ ਦੀ ਗੂੰਜ ਇੱਥੇ ਸਾਰਿਆਂ ਲੋਕਾਂ ਵਿੱਚ ਸੁਣਾਈ ਦੇ ਰਹੀ ਹੈ । ਆਪਸੀ ਮਿਲਵਰਤਨ, ਏਕਤਾ ਅਤੇ ਪ੍ਰੇਮ ਦਾ ਵਾਤਾਵਰਣ ਕਾਇਮ ਕਰਨ ਵਿੱਚ ਇਹ ਸੰਦੇਸ਼ ਬਹੁਤ ਮਹਤੱਵਪੂਰਨ ਹੈ । ਆਪਨੇ ਸਮੇਂ ਸਿਰ ਅਨੇਕਾਂ ਹੀ ਸਮੱਸਿਆਵਾਂ ਦਾ ਹਲ ਸਾਨੂੰ ਦੱਸਿਆ ਹੈ । ਇਹ ਕਹਿੰਦੇ ਹਨ ਕਿ ਬਾਲਟੀਮੋਰ ਵਿੱਚ ਹਾਲਾਤਾਂ ਦਾ ਮੁਕਾਬਲਾ ਕਰਨ ਲਈ ਅਹਮਦੀਆ ਮੁਸਲਿਮ ਜਮਾਤ ਮੈਦਾਨ ਵਿੱਚ ਆਈ ਹੈ ਅਤੇ ਸਮਾਜ ਵਿੱਚ ਇਕ ਪੋਜ਼ੀਟਿਵ ਕਿਰਦਾਰ ਅਦਾ ਕਰਨ ਦਾ ਨਿਸ਼ਚਾ ਪ੍ਰਕਟ ਕੀਤਾ ਹੈ ਇਹ ਬਹੁਤ ਹੀ ਪ੍ਰਸ਼ੰਸਾ ਯੋਗ ਨਮੂਨਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਵਿਰਜੀਨੀਆ ਦੀ ਮਸਜਿਦ ਦਾ ਉਧਘਾਟਨ ਹੋਇਆ ਅਤੇ ਉਸ ਦਾ ਨਾਂ ਮਸਜਿਦ ਮਸਰੂਰ ਹੈ । ਇੱਥੇ ਇਕ ਮਿਤੱਰ ਕੋਰੀਸਟੋਰਟ ਜੋ ਕਿ ਯੂ.ਐਸ. ਸੈਂਟ ਦੇ ਰਿਪਬਲੀਕਨ ਉਮੀਦਵਾਰ ਹਨ ਉਹ ਕਹਿੰਦੇ ਹਨ ਕਿ ਜੋ ਮੈਂ ਇਹ ਸੰਬੋਧਨ ਸੁਣਿਆ ਇਹ ਮਨਭਾਉਂਦਾ ਤੇ ਦਾਨਾਈ ਨਾਲ ਭਰਪੂਰ ਸੀ ਅਮਰੀਕਾ ਨੂੰ ਅਤੇ ਸਾਰੀ ਦੁਨੀਆ ਨੂੰ 'ਪ੍ਰੇਮ ਸਾਰਿਆਂ ਨਾਲ ਨਫ਼ਰਤ ਕਿਸੇ ਨਾਲ ਨਹੀਂ' ਦਾ ਸੰਦੇਸ਼ ਗ਼ੌਰ ਨਾਲ ਸੁਣਨਾ ਚਾਹੀਦਾ ਹੈ ਅਤੇ ਇਸ ਉਪੱਰ ਅਮਲ ਕਰਨਾ ਚਾਹੀਦਾ ਹੈ । ਵਿਸ਼ੇਸ਼ ਰੂਪ ਵਿੱਚ ਜੱਦ ਦੁਨੀਆ ਦੇ ਹਾਲਾਤ ਚੰਗੇ ਨਹੀਂ ਹਨ ਇਹ ਅਤਿਅੰਤ ਜ਼ਰੂਰੀ ਹੈ ਕਿ ਧਾਰਮਕ ਆਜ਼ਾਦੀ ਦਾ ਪ੍ਰਚਾਰ ਕਰਨ ਇਸ ਲਈ ਇਹ ਮਸਜਿਦ ਸਾਡੇ ਲਈ ਫ਼ਖ਼ਰ ਯੋਗ ਹੈ ਕਿਉਕਿ ਆਪ ਲੋਕ ਦੇਸ਼ ਲਈ ਬਹੁਤ ਕੁਝ ਕਰਦੇ ਹਨ ।

ਇਕ ਮਹਿਮਾਨ ਐਲਕਸ ਕਹਿੰਦੇ ਹਨ ਕਿ ਮੈਂ ਬਹੁਤ ਪ੍ਰਭਾਵਤ ਹੋਇਆ ਹਾਂ । ਆਪ ਦਾ ਸੰਦੇਸ਼ ਬਹੁਤ ਪ੍ਰਭਾਵ ਕਰਨ ਵਾਲਾ ਸੀ । ਇਕ ਇਕ ਸ਼ਬਦ ਮੇਰੀ ਆਤਮਾ ਤੱਕ ਪ੍ਰਭਾਵ ਕਰ ਰਿਹਾ ਸੀ ।

ਇਕ ਇਸਤਰੀ ਸ਼ਨੀਨ ਸਾਹਿਬਾ ਨਿਊਜਰਸੀ ਵਿੱਚ ਸਰਜੀਕਲ ਕੋਆਰਡੀਨੇਟਰ ਹਨ ਕਹਿੰਦੀ ਹਨ ਕਿ ਇਸਲਾਮ ਦੀਆਂ ਸੁੰਦਰ ਸਿੱਖਿਆਵਾਂ ਬਾਰੇ ਮੇਰਾ ਵੀ ਇਹੋ ਦ੍ਰਿਸ਼ਟੀਕੋਣ ਹੈ ਕੁਝ ਵਿਕਅਤੀਗੱਤ ਲੋਕਾਂ ਦੀਆਂ ਬੁਰੀਆਂ ਹਰਕਤਾਂ ਕਰਕੇ ਪੂਰੇ ਧਰਮ ਨੂੰ ਮੁਲਜ਼ਮ ਠਹਿਰਾਉਂਣਾ ਆਪਣੇ ਆਪ ਵਿੱਚ ਜ਼ੁਲਮ ਤੋਂ ਘੱਟ ਨਹੀਂ ।

ਇਕ ਇਸਤਰੀ ਲੋਰੀਨ ਸਾਹਿਬਾ ਆਪਣੇ ਪ੍ਰਭਾਵ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਹਿੰਦੀ ਹਨ, ਮੈਨੂੰ ਬਹੁਤ ਖ਼ੁਸ਼ੀ ਹੈ ਕਿ ਮੈਨੂੰ ਵੀ ਇੱਥੇ ਸੱਦਿਆ ਗਿਆ, ਮੈਨੂੰ ਇੱਥੇ ਆਣਕੇ ਅਹਮਦੀਆ ਮੁਸਲਿਮ ਜਮਾਤ ਬਾਰੇ ਬਹੁਤ ਕੁਝ ਜਾਨਣ ਦਾ ਮੌਕਾ ਮਿਲਿਆ । ਮਸਜਿਦ ਇਸ ਖੇਤਰ ਵਿੱਚ ਇਕ ਸੁੰਦਰ ਵਾਧਾ ਹੈ, ਇਸ ਨਾਲ ਮੈਨੂੰ ਕੋਈ ਖ਼ਤਰਾ ਨਹੀਂ ਹੈ ਇਹ ਸ਼ਾਂਤੀਪੂਰਨ ਥਾਂ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾ ਮਸਜਿਦਾਂ ਤੋਂ ਬਿਨਾ ਜਿਵੇਂ ਕਿ ਬਹੁਤ ਸਾਰੇ ਲੋਕ ਜਾਣਦੇ ਹਨ ਕਿ ਗੋਏਟੇਮਾਲਾ ਵਿੱਚ ਹਿਯੂਮੇਨਿਟੀ ਫ਼੍ਰਸਟ ਦਾ ਹਸਪਤਾਲ ਖੋਲਿਆ ਗਿਆ ਹੈ ਇਸ ਦਾ ਵੀ ਉਧਘਾਟਨ ਸੀ । ਇਕ ਮੈਂਬਰ ਆਫ਼ ਪਾਰਲੀਮੈਂਟ ਨੇ ਬਹੁਤ ਚੰਗੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਜਮਾਤ ਦਾ ਧੰਨਵਾਦ ਕੀਤਾ ਕਿ ਜਮਾਤ ਸਾਡੇ ਦੇਸ਼ ਵਿੱਚ ਹਸਪਤਾਲ ਖੋਲ ਰਹੀ ਹੈ ਅਤੇ ਕੰਮਯੂਨਿਟੀਜ਼ ਵਿੱਚ ਪ੍ਰੇਮ ਤੇ ਏਕਤਾ ਪੈਦਾ ਕਰਨ ਦਾ ਜਤਨ ਕਰ ਰਹੀ ਹੈ ।

ਰਾਬ੍ਰਟ ਕੀਨੂ ਸਾਹਬ ਵਾਇਸ ਮਨਿਸਟਰ ਆਫ਼ ਐਜੁਕੇਸ਼ਨ ਪੈਰਾ ਗੋਏ ਨੇ ਕਿਹਾ ਕਿ ਬਹੁਤ ਹੀ ਚੰਗਾ ਈਵੈਂਟ ਸੀ ਮੈਂ ਹੈਰਾਨ ਹਾਂ ਕਿ ਇਕ ਅਜਿਹੀ ਜਮਾਤ ਹੈ ਜਿਸ ਦੇ ਲੋਕਾਂ ਨੇ ਆਪੋ ਵਿੱਚ ਮਿਲਕੇ ਇਸ ਨੂੰ ਪੂਰਨਤਾ ਤੱਕ ਪਹੁੰਚਾਇਆ ਹੈ, ਇਹ ਸਭ ਕੁਝ ਲੋੜਵੰਦਾ ਦੀ ਮਦਦ ਲਈ ਅਤੇ ਮਨੁਖੱਤਾ ਨਾਲ ਪ੍ਰੇਮ ਦਾ ਅਮਲੀ ਪ੍ਰਗਟਾਵਾ ਹੈ । ਫਿਰ ਕਹਿੰਦੇ ਹਨ ਕਿ ਇੰਸਾਨੀਯਤ ਇਹੋ ਪਿਆਰ ਦਾ ਮਾਰਗ ਅਪਨਾਏਗੀ ਤਾਂ ਦੁਨੀਆ ਵਿੱਚ ਅਮਨ ਕਾਇਮ ਹੋਵੇਗਾ ।

ਗੋਏਟੇਮਾਲਾ ਦੇ ਇਕ ਪਤੱਰ ਪ੍ਰੇਰਕ ਨੇ ਕਿਹਾ ਕਿ ਜਿਸ ਜੀਜ਼ ਨੇ ਸਭ ਤੋਂ ਵੱਦ ਪ੍ਰਭਾਵਤ ਕੀਤਾ ਹੈ ਉਹ ਇਹ ਹੈ ਕਿ ਧਰਮ ਵਿੱਚ ਜਬਰ ਨਹੀਂ ਹੈ ਸਗੋਂ ਇਹ ਵੀ ਕਿ ਇਕ ਦੂਜੇ ਦਾ ਖ਼ਿਆਲ ਰਖੱਣਾ ਚਾਹੀਦਾ ਹੈ ਅਤੇ ਇਹੋ ਸੰਦੇਸ਼ ਜਮਾਤ ਅਹਮਦੀਆ ਨੇ ਸਾਨੂੰ ਦਿਤੱਾ ਹੈ ਅਤੇ ਇਹ ਵੀ ਕਿ ਅਸੀਂ ਸਾਰੇ ਬਰਾਬਰ ਦੇ ਹੱਕ ਰਖੱਦੇ ਹਾਂ । ਹਰ ਮਨੁੱਖ ਨੂੰ ਇਕ ਉਮਦਾ ਜੀਵਨ ਮਿਲਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਗੋਏਟੇਮਾਲਾ ਵਿੱਚ ਰੀਵੀਊ ਆਫ਼ ਰਿਲੀਜੰਜ਼ ਦੇ ਸਪੈਨਿਸ਼ ਪ੍ਰਕਾਸ਼ਨ ਦਾ ਵੀ ਅਰੰਭ ਕੀਤਾ ਗਿਆ । ਜੱਦ ਸਪੇਨ ਵੱਲ ਸਾਡਾ ਧਿਆਨ ਹੋਇਆ ਤਾਂ ਗੋਏਟੇਮਾਲਾ ਦੇ ਸਾਡੇ ਇਕ ਬਹੁਤ ਹੀ ਭਲੇ ਅਹਮਦੀ ਹਨ ਡੇਵਿਡ ਸਾਹਬ ਕਹਿਣ ਲੱਗੇ ਕਿ ਆਪ ਦਾ ਧਿਆਨ ਸਪੇਨ ਵੱਲ ਤਾਂ ਹੈ ਕਿ ਇਸਲਾਮ ਉੱਥੇ ਫੈਲਣਾ ਹੈ, ਜਿਸ ਦੀ ਅਬਾਦੀ ਕੇਵਲ ਚਾਲ੍ਹੀ ਮਿਲੀਯਨ ਹੈ ਜੱਦਕਿ ਸਾਡੇ ਦੇਸ਼ਾਂ ਦੀ ਅਬਾਦੀ ਚਾਰ ਸੌ ਮਿਲੀਯਨ ਹੈ ਇਸ ਵੱਲ ਧਿਆਨ ਨਹੀਂ ਹੈ ਆਪ ਦਾ । ਇਸ ਦੇ ਬਾਦ ਤੋਂ ਫਿਰ ਉੱਥੇ ਵੀ ਬਕਾਇਦਗੀ ਨਾਲ ਮਿਸ਼ਨਾ ਵੱਲ ਧਿਆਨ ਹੋਇਆ ਅਤੇ ਜਾਮਿਆ ਦੇ ਵਿਦਿਆਰਥੀਆਂ ਨੂੰ ਭੇਜਣਾ ਸ਼ੁਰੂ ਕੀਤਾ ਗਿਆ ਹੁਣ ਰੱਬ ਦੀ ਮਿਹਰ ਨਾਲ ਓਥੇ ਜਮਾਤਾਂ ਕਾਇਮ ਹੋ ਰਹੀਆਂ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਗੋਏਟੇਮਾਲਾ ਵਿੱਚ ਵੱਖ ਵੱਖ ਗਵਾਂਢੀ ਦੇਸ਼ਾਂ ਨੇ ਅਹਮਦੀ ਵੀ ਸ਼ਾਮਲ ਹੋਏ ਸਨ । ਇਹਨਾਂ ਦੇ ਬਹੁਤ ਹੀ ਭਾਵਨਾਤਮਕ ਅਨੁਭਵ ਹਨ, ਜੋ ਪਹਿਲੀ ਵਾਰ ਸਮੇਂ ਦੇ ਖ਼ਲੀਫ਼ਾ ਨੂੰ ਮਿਲੇ ਹਨ ਅਤੇ ਖ਼ਿਲਾਫ਼ਤ ਨਾਲ ਪ੍ਰੇਮ ਉਹਨਾਂ ਦੀਆਂ ਅਖੱਾਂ ਤੋਂ ਦਿਲਾਂ ਵਿੱਚੋਂ ਫੁੱਟ ਫੁੱਟ ਪੈ ਰਿਹਾ ਸੀ ।

ਇਕ ਨਵੀਂ ਅਹਮਦੀ ਇਸਤਰੀ ਲਾਇਰਾ ਮਾਲਦੇ ਸਾਹਿਬਾ ਕਹਿੰਦੀ ਹਨ ਕਿ ਮੈਂ ਰੂਹਾਨੀ ਅਤੇ ਭਾਵਨਾਤਮਕ ਰੂਪ ਵਿੱਚ ਬਹੁਤ ਹੀ ਅਮਨ ਅਨੁਭਵ ਕਰ ਰਹੀ ਹਾਂ । ਦੂਜੇ ਦੇਸ਼ਾਂ ਦੇ ਅਹਮਦੀ ਭੈਣ ਭਰਾਵਾਂ ਨੂੰ ਮਿਲਕੇ ਇਮਾਨ ਤਾਜ਼ਾ ਹੋਇਆ ਅਤੇ ਸਭ ਤੋਂ ਵਧੱਕੇ ਸਮੇਂ ਦੇ ਖ਼ਲੀਫ਼ਾ ਪਿੱਛੇ ਨਮਾਜ਼ਾਂ ਪੜ੍ਹਨ ਕਰਕੇ ਮੇਰਾ ਇਮਾਨ ਰੱਬ ਤੇ ਅਹਮਦੀਅਤ ਉਪੱਰ ਹੋਰ ਵੀ ਪਕੱਾ ਹੋ ਗਿਆ ਹੈ । ਮੇਰੀ ਇਛੱਾ ਹੈ ਕਿ ਮੈਂ ਇਸ ਮਾਰਗ ਉਪੱਰ ਕਾਇਮ ਰਹਾਂ, ਰੱਬ ਕਰੇ ਅਜਿਹਾ ਹੀ ਹੋਵੇ ।

ਇਕ ਨਵੇਂ ਅਹਮਦੀ ਇਵਾਨ ਫ਼੍ਰਾਂਸਿਸਕੋ ਸਾਹਬ ਕਹਿੰਦੇ ਹਨ ਕਿ ਬੈਅਤ ਦੀ ਤਕਰੀਬ ਵਿੱਚ ਇਹ ਅਜਿਹਾ ਪਲ ਸੀ ਜੋ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ । ਇਕ ਪੱਲ ਮੈਂਨੂੰ ਸ਼ਰੀਰਕ ਰੂਪ ਵਿੱਚ ਅਜਿਹਾ ਅਨੁਭਵ ਹੋਇਆ ਜਿਵੇਂ ਮੇਰਾ ਸਾਰਾ ਸ਼ਰੀਰ ਗਰਮ ਹੋ ਗਿਆ ਹੈ ਅਤੇ ਮੇਰੇ ਪਸੀਨਿ ਛੁੱਟਣ ਲੱਗੇ ਅਤੇ ਅਜਿਹਾ ਲੱਗਿਆ ਜਿਵੇਂ ਇਕ ਕਰੰਟ ਮੇਰੇ ਸ਼ਰੀਰ ਵਿੱਚ ਦੌੜ ਰਿਹਾ ਹੈ ਅਤੇ ਜਾਂਦੇ ਜਾਂਦੇ ਆਪਣੇ ਨਾਲ ਮੇਰੇ ਸਾਰੇ ਪਾਪ ਵੀ ਲੈ ਗਿਆ ਹੈ । ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਉਸ ਨੇ ਸਾਨੂੰ ਖ਼ਿਲਾਫ਼ਤ ਪ੍ਰਦਾਨ ਕੀਤੀ ਹੈ । ਮੈਂ ਜਾਣਦਾ ਹਾਂ ਕਿ ਇਹ ਮੇਰੇ ਲਈ ਚੰਗਿਆਈ ਵੱਲ ਵਧੱਣ ਦਾ ਪਹਿਲਾ ਕਦਮ ਹੈ ਅਤੇ ਮੇਰੇ ਅੰਦਰ ਇਕ ਪਰਿਵਰਤਨ ਲਿਆਏਗਾ ।

ਐਕਵਾਡੋਰ ਦੇ ਨਵੇਂ ਅਹਮਦੀ ਕਹਿੰਦੇ ਹਨ ਕਿ ਸਮੇਂ ਦੇ ਖ਼ਲੀਫ਼ਾ ਦੀ ਮੌਜੂਦਗੀ ਵਿੱਚ ਮੈਂਨੂੰ ਇਕ ਅਨਮੋਲ ਖ਼ਜ਼ਾਨਾ ਪ੍ਰਾਪਤ ਹੋਇਆ ਅਤੇ ਰੂਹਾਨੀ ਅਮਨ, ਖ਼ੁਸ਼ੀ ਅਤੇ ਪ੍ਰਸਨਤਾ ਦੀਆਂ ਭਾਵਨਾਵਾਂ ਮੇਰੇ ਅੰਦਰ ਸਮਾ ਗਏ ਮੈਂਨੂੰ ਬਹੁਤ ਹੀ ਸਕੂਨ ਹਾਸਲ ਹੋਇਆ । ਬੈਅਤ ਦੇ ਦੌਰਾਨ ਜੱਦ ਆਪਨੇ ਆਪਣਾ ਹੱਥ ਮੇਰੇ ਹੱਥ ਉਪੱਰ ਰੱਖਿਆ ਤਾਂ ਇਹ ਅਜਿਹੀ ਖ਼ੁਸ਼ਨਸੀਬੀ ਸੀ ਜੋ ਮੈਂਨੂੰ ਪਹਿਲਾਂ ਕਦੇ ਵੀ ਨਸੀਬ ਨਹੀਂ ਹੋਈ ਸੀ ।

ਫਿਰ ਗੋਏਟੇਮਾਲਾ ਦੇ ਇਕ ਨਵੇਂ ਅਹਮਦੀ ਸੁਲੈਮਾਨ ਰੋਦੋ ਸਾਹਬ ਕਹਿੰਦੇ ਹਨ ਕਿ ਖ਼ਲੀਫ਼ਾਤੁਲ ਮਸੀਹ ਦਾ ਗੋਏਟੇਮਾਲਾ ਵਿੱਚ ਆਉਣਾ ਸਾਡੇ ਲਈ ਬਹੁਤ ਹੀ ਖ਼ੁਸ਼ਕਿਸਮਤੀ ਦਾ ਸਬਬ ਹੈ ਸਾਡੀ ਜਮਾਤ ਉਪੱਰ ਰੱਬ ਦੀ ਮਿਹਰ ਹੈ ਕਿ ਆਪ ਇੱਥੇ ਆਏ । ਜੱਦ ਸਾਨੂੰ ਪਤਾ ਲੱਗਿਆ ਕਿ ਆਪ ਗੋਏਟੇਮਾਲਾ ਆ ਰਹੇ ਹਨ ਤਾਂ ਸਾਡੀਆਂ ਖ਼ੁਸ਼ੀਆਂ ਦਾ ਟਿਕਾਣਾ ਨ ਰਿਹਾ । ਮੇਰੇ ਅੰਦਰ ਇਕ ਰੂਹਾਨੀ ਮਜ਼ਬੂਤੀ ਪੈਦਾ ਹੋਣ ਲੱਗ ਗਈ ਅਤੇ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਹੁਣ ਮੈਂ ਆਪਣੇ ਅੰਦਰ ਬਹੁਤ ਤਬਦੀਲੀ ਅਨੁਭਵ ਕੀਤੀ ਹੈ ।

ਫਿਰ ਗੋਏਟੇਮਾਲਾ ਦੇ ਇਕ ਸਾਹਬ ਡੋਮੈਨਿਟੀ ਅਵੱਲ ਨੇ ਬਹੁਤ ਹੀ ਭਾਵਨਾਤਮਕ ਰੂਪ ਵਿੱਚ ਮੈਂਨੂੰ ਕਿਹਾ ਕਿ ਸਾਡੇ ਖ਼ੇਤਰ ਵਿੱਚ ਗ਼ਰੀਬ ਲੋਕ ਹਨ, ਬਹੁਤ ਦੂਰ ਦੁਰਾਡਾ ਖੇਤਰ ਹੈ ਅਤੇ ਸੜਕਾਂ ਆਦਿ ਵੀ ਨਹੀਂ ਹਨ । ਦੁਆ ਕਰਨ ਕਿ ਮੇਰੀ ਕੌਮ ਦੇ ਲੋਕ ਵੀ ਅਹਮਦੀ ਮੁਸਲਮਾਨ ਹੋਣ ਅਤੇ ਜੋ ਮੈਂਨੂੰ ਰੱਬ ਦੀ ਮਿਹਰ ਨਾਲ ਨਸੀਬ ਹੋਇਆ ਹੈ ਉਹ ਮੇਰੀ ਕੌਮ ਵਿੱਚ ਵੀ ਪਹੁੰਚੇ । ਬਹੁਤ ਹੀ ਜਜ਼ਬਾਤੀ ਢੰਗ ਵਿੱਚ ਉਹਨਾਂ ਨੇ ਇਸ ਬੇਨਤੀ ਨਾਲ ਦੁਆ ਕੀਤੀ ਕਿ ਰੱਬ ਕਰੇ ਕਿ ਉੱਥੇ ਵੀ ਜਮਾਤਾਂ ਫੈਲਣ ।

ਮੈਕਸੀਕੋ ਦੇ ਇਕ ਨਵੇਂ ਅਹਮਦੀ ਫ਼ਯੂਜ਼ ਖ਼ਸੂਸ ਸਾਹਬ ਕਹਿੰਦੇ ਹਨ ਕਿ ਜਮਾਤ ਨਾਲ ਸੰਬੰਧ ਬਨਾਉਂਣਾ ਇਕ ਬਹੁਤ ਹੀ ਵਡੱਾ ਉਪਹਾਰ ਹੈ ਮੇਰੀ ਇਹ ਖ਼ੁਸ਼ਤਿਕਸਮਤੀ ਹੈ ਕਿ ਰੱਬ ਨੇ ਮੇਰੀਆਂ ਦੁਆਵਾਂ ਸੁਣੀਆਂ, ਮੈਂ ਅਨ੍ਹੇਰੇ ਵਿੱਚ ਸੀ ਰੱਬ ਨੇ ਮੈਂਨੂੰ ਅਤੇ ਮੇਰੀ ਫ਼ੈਮਲੀ ਨੂੰ ਪ੍ਰਕਾਸ਼ ਵੱਲ ਲੈਕੇ ਆਇਆ ਅਤੇ ਮੈਂਨੂੰ ਆਪਣੇ ਜੀਵਨ ਵਿੱਚ ਪਰਿਵਰਤਨ ਕਰਨ ਦਾ ਮੌਕਾ ਮਿਲਿਆ ।

ਤਰ੍ਹਾਂ ਚੋਦਾਂ ਸਾਲ ਦੀ ਇਕ ਬੱਚੀ ਨੇ ਕਿਹਾ ਕਿ ਪਹਿਲਾਂ ਮੈਂਨੂੰ ਡਰ ਸੀ ਕਿ ਕੋਈ ਅਜਿਹੀ ਗੱਲ ਨਾ ਕਰ ਦਿਆਂ ਖ਼ਲੀਫ਼ਾਤੁਲ ਮਸੀਹ ਦੇ ਸਾਹਮਣੇ ਜਿਸ ਨਾਲ ਮੈਂਨੂੰ ਸ਼ਰਮਿੰਦਗੀ ਚੁਕੱਣੀ ਪਏ ਪਰ ਮੁਲਾਕਾਤ ਬਹੁਤ ਹੀ ਚੰਗੀ ਰਹੀ । ਖ਼ਿਲਾਫ਼ਤ ਦਾ ਅਦਬ ਤੇ ਸਨਮਾਨ ਉਹਨਾਂ ਵਿੱਚ ਅਥਾਹ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸੇ ਪ੍ਰਕਾਰ ਹੋਰ ਅਨੇਕਾਂ ਹੀ ਇਸਤਰੀਆਂ ਤੇ ਪੁਰਸ਼ ਹਨ ਜੋ ਵੱਖ ਵੱਖ ਦੇਸ਼ਾਂ ਵਿੱਚੋਂ ਆਏ ਹੋਏ ਸਨ ਅਤੇ ਬਹੁਤ ਨੇਕੀ ਤੇ ਵਫ਼ਾਦਾਰੀ ਦਾ ਉਹਨਾਂ ਸਾਰਿਆਂ ਦਾ ਪ੍ਰਗਟਾਵਾ ਸੀ । ਅਲੱਾਹ ਤਆਲਾ ਸਾਰਿਆਂ ਦੀ ਨੇਕੀ ਤੇ ਵਫ਼ਾਦਾਰੀ ਵਿੱਚ ਵਾਧਾ ਕਰਦਾ ਚਲਾ ਜਾਏ ਅਤੇ ਉਹਨਾਂ ਨੂੰ ਹਕੀਕੀ ਅਹਮਦੀ ਬਣਾਏ ।

ਹਜ਼ੂਰ ਅਨਵਰ ਨੇ ਮੀਡੀਆ ਕਵਰੈਜ ਦੇ ਹਵਾਲੇ ਨਾਲ ਸੰਖਿਆ ਦਾ ਵਰਨਣ ਕਰਦਿਆਂ ਹੋਇਆ ਫ਼ਰਮਾਇਆ : ਅਮਰੀਕਾ ਵਿੱਚ ਟੀਵੀ ਰਾਹੀਂ ਕੁਲ ਅਠਾਈ ਲੱਖ ਉਨਤੱਰ ਹਜ਼ਾਰ ਤੋਂ ਵੱਧ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਰੇਡੀਓ ਪ੍ਰੋਗਰਾਮ ਰਾਹੀਂ ਕੁਲ ਤਰਵੰਜਾ ਲੱਖ ਅਠਨਵੇਂ ਹਜ਼ਾਰ ਤੋਂ ਵੱਧ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਡੀਜੀਟਲ ਫ਼ੋਰਮ ਵੈਬਸਾਈਟ ਅਤੇ ਸੋਸ਼ਲ ਮੀਡੀਆ ਆਦਿ ਰਾਹੀਂ ਵੀਹ ਲੱਖ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਅਖ਼ਬਾਰਾਂ ਵਿੱਚ ਕੁਲ ਪੰਜਤਾਲ੍ਹੀ ਆਰਟੀਕਲ ਪ੍ਰਕਾਸ਼ਤ ਹੋਏ , ਜਿੰਨ੍ਹਾ ਤੋਂ ਲਗਭਗ 10 ਮਿਲੀਯਨ ਤੋਂ ਵੱਧ ਲੋਕਾਂ ਤੱਕ ਸੰਦੇਸ਼ ਪਹੁੰਚਿਆ ।

ਇਕ ਅਨੁਮਾਨ ਅਨੁਸਾਰ ਲਾਤੀਨੀ ਅਮਰੀਕਾ ਨੇ ਵੱਖ ਵੱਖ ਦੇਸ਼ਾਂ ਦੇ ਪ੍ਰਿੰਟ ਮੀਡੀਆ ਅਤੇ ਵੱਖ ਵੱਖ ਅਖ਼ਬਾਰਾਂ ਅਤੇ ਟੈਲੀਵੀਜ਼ਨ ਚੈਨਲਾਂ ਰਾਹੀਂ ਲਗਭਗ ਬੱਤੀ (32) ਮਿਲੀਯਨ ਲੋਕਾਂ ਤੱਕ ਨਾਸਿਰ ਹਸਪਤਾਲ ਦੇ ਉਧਘਾਟਨ ਦੀ ਖ਼ਬਰ ਦੇ ਹਵਾਲੇ ਨਾਲ ਇਸਲਾਮ ਦਾ ਸੰਦੇਸ਼ ਪਹੁੰਚਿਆ । ਰੱਬ ਦੀ ਮਿਹਰ ਨਾਲ ਹਰ ਪੱਖੋਂ ਇਹ ਦੌਰਾ ਬਹੁਤ ਹੀ ਸਫ਼ਲ ਤੇ ਬਰਕਤਾਂ ਭਰਪੂਰ ਸੀ । ਅਲੱਾਹ ਤਆਲਾ ਇਸ ਦੇ ਭਵਿੱਖ ਵਿੱਚ ਵੀ ਚੰਗੇ ਸਿੱਟੇ ਪੈਦਾ ਕਰਦਾ ਰਹੇ ।

ਜੁਮਏ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਸਾਵਾ ਦੋਗੋ ਇਸਮਾਈਲ ਸਾਹਬ ਦੇ ਸਦਗੁਣਾ ਦਾ ਵਰਨਣ ਕੀਤਾ ਅਤੇ ਜੁਮਏ ਬਾਦ ਉਹਨਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਈ ।

**Khulasa Khutba Jumma 16.11.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131